# ਪੜ੍ਹਾਈ ਦਾ ਪਰਿਵਰਤਨਸ਼ੀਲ ਪ੍ਰੋਗਰਾਮ (Transitional Program of Instruction)

## ਪ੍ਰੋਗਰਾਮ ਦਾ ਬਿਓਰਾ

ਪੜ੍ਹਾਈ ਦਾ ਪਰਿਵਰਤਨਸ਼ੀਲ ਪ੍ਰੋਗਰਾਮ (Transitional Program of Instruction) ਅੰਗਰੇਜ਼ੀ ਨਾ ਬੋਲਣ ਵਾਲੇ ਉਹਨਾਂ ਵਿਦੇਸ਼ੀ ਵਿਦਿਆਰਥੀਆਂ ਲਈ ਹੈ ਜਿਹਨਾਂ ਨੂੰ ਲਿਖਤੀ ਜਾਂ ਬੋਲਚਾਲ ਵਾਲੀ ਅੰਗਰੇਜ਼ੀ ਵਿੱਚ ਮੁਸ਼ਕਲ ਆਉਂਦੀ ਹੈ। ਪ੍ਰੋਗਰਾਮ ਵਿਦਿਆਰਥੀਆਂ ਨੂੰ ਅਕਾਦਮਿਕ ਵਿਸ਼ਿਆਂ ਵਿੱਚ ਸਫ਼ਲ ਹੋਣ ਅਤੇ ਅੰਗਰੇਜ਼ੀ ਸਿੱਖਣ ਵਿੱਚ ਮਦਦ ਮੁਹੱਈਆ ਕਰਦਾ ਹੈ। ਕਲਾਸਾਂ ਗ੍ਰੈਜੂਏਸ਼ਨ ਲੋੜਾਂ ਨੂੰ ਮਹੱਤਵ ਦਿੰਦੀਆਂ ਹਨ।

<u>ਪੜ੍ਹਾਈ ਦੇ ਟੀਚੇ:</u> ਗ੍ਰੇਡ ਵਿੱਚ ਤਰੱਕੀ ਲਈ ਅਕਾਦਮਿਕ ਪ੍ਰਾਪਤੀ ਦੇ ਮਾਪਦੰਡਾਂ 'ਤੇ ਪੂਰਾ ਉਤਰਨਾ ਅਤੇ ਅੰਗਰੇਜ਼ੀ ਵਿੱਚ ਮਾਹਰ ਬਣਨਾ।

<u>ਪ੍ਰੋਗਰਾਮ ਦੇ ਹਿੱਸੇ:</u> ਤੁਹਾਡੇ ਬੇਟੇ/ਬੇਟੀ ਨੂੰ ਸਹੀ ਲੱਗੇ ਖੇਤਰਾਂ ਵਿੱਚ ਪੜ੍ਹਾਈ ਕਰਵਾਈ ਜਾਵੇਗੀ:

_____ ਅੰਗਰੇਜ਼ੀ ਦੂਜੀ ਭਾਸ਼ਾ ਵਜੋਂ
_____ ਪੜ੍ਹਨਾ ਅਤੇ ਲਿਖਣਾ
_____ ਗਣਿਤ
_____ ਵਿਗਿਆਨ
_____ ਸਮਾਜਕ ਸਿੱਖਿਆ
_____ ਅਮਰੀਕੀ ਇਤਿਹਾਸ
_____ ਖਪਤਕਾਰ ਸਿੱਖਿਆ
_____ ਸਿਹਤ
_____ ਡ੍ਰਾਈਵਰ ਦੀ ਸਿੱਖਿਆ

ਇਹਨਾਂ ਖੇਤਰਾਂ ਵਿੱਚ ਤੁਹਾਡੇ ਬੱਚੇ ਦੀ ਮੂਲ ਭਾਸ਼ਾ ਵਿੱਚ ਕਲਾਸਾਂ ਜਾਂ ਸਿੱਖਿਆ:

_____ ਪੜ੍ਹਨਾ ਅਤੇ ਲਿਖਣਾ
_____ ਗਣਿਤ
_____ ਵਿਗਿਆਨ
_____ ਸਮਾਜਕ ਸਿੱਖਿਆ
_____ ਅਮਰੀਕੀ ਇਤਿਹਾਸ
_____ ਖਪਤਕਾਰ ਸਿੱਖਿਆ
_____ ਸਿਹਤ
_____ ਡ੍ਰਾਈਵਰ ਦੀ ਸਿੱਖਿਆ

<u>ਬਾਹਰ ਨਿਕਲਣ ਦੀਆਂ ਕਾਰਜ-ਵਿਧੀਆਂ</u> **(ਇਸ ਭਾਗ ਵਿਚਲੀ ਜਾਣਕਾਰੀ ਹਰ ਜ਼ਿਲ੍ਹੇ ਦੇ ਮੁਤਾਬਕ ਵੱਖ-ਵੱਖ ਹੁੰਦੀ ਹੈ।)**

ਵਿਦਿਆਰਥੀ ਤਿੰਨ ਸਾਲਾਂ ਲਈ ਜਾਂ ਉਦੋਂ ਤੱਕ ਪਰਿਵਰਤਨਸ਼ੀਲ ਦੋ-ਭਾਸ਼ੀ ਸਿੱਖਿਆ ਪ੍ਰੋਗਰਾਮ ਵਿੱਚ ਰਹਿੰਦੇ ਹਨ ਜਦੋਂ ਤੱਕ ਉਹਨਾਂ ਨੂੰ ਅਕਾਦਮਿਕ ਅੰਗਰੇਜ਼ੀ ਵਿੱਚ ਮੁਹਾਰਤ ਹਾਸਲ ਨਾ ਹੋ ਜਾਵੇ। ਸਾਡੇ ਜ਼ਿਲ੍ਹਿਆਂ ਦੀ ਮੁੱਖ ਧਾਰਾ ਵਿੱਚ ਰਲ਼ ਜਾਣ ਦੀ ਅਨੁਮਾਨਤ ਦਰ ਸਾਲਾਨਾ ਅਧਾਰ 'ਤੇ _____ % ਹੈ। ਇਸ ਪ੍ਰੋਗਰਾਮ ਵਿੱਚ ਹਾਈ ਸਕੂਲ ਲਈ ਗ੍ਰੈਜੂਏਸ਼ਨ ਦੀ ਅਨੁਮਾਨਤ ਦਰ _____ ਹੈ।

<u>ਵਿਸ਼ੇਸ਼ ਸਿੱਖਿਆ ਸੇਵਾਵਾਂ</u>

ਵਿਸ਼ੇਸ਼ ਰੂਪ ਵਿੱਚ ਤਿਆਰ ਕੀਤੀਆਂ ਗਈਆਂ ਸੇਵਾਵਾਂ ਦੀ ਲੋੜ ਵਾਲੇ ਅਪਾਹਜ ਵਿਦਿਆਰਥੀਆਂ ਲਈ, ਭਾਸ਼ਾ ਦੀ ਪੜ੍ਹਾਈ ਵਿਦਿਆਰਥੀ ਦੇ ਵਿਅਕਤੀਗਤ ਸਿੱਖਿਆ ਪ੍ਰੋਗਰਾਮ (Individualized Education Program) (IEP) ਦੇ ਉਦੇਸ਼ਾਂ ਨੂੰ ਪੂਰਾ ਕਰਦੀ ਹੈ।

## ਸਕੂਲ ਵਿੱਚ ਮੁਹੱਈਆ ਕੀਤੇ ਜਾਂਦੇ ਹੋਰ ਪ੍ਰੋਗਰਾਮ

- ਉਹਨਾਂ ਵਿਦਿਆਰਥੀਆਂ ਲਈ ਨਿਯਮਿਤ ਪੜ੍ਹਾਈ ਜਿਹੜੇ ਅੰਗਰੇਜ਼ੀ ਵਿੱਚ ਮੁਹਾਰਤ ਰਖਦੇ ਹਨ। ਪੜ੍ਹਾਈ ਹਰ ਸਮੇਂ ਅੰਗਰੇਜ਼ੀ ਵਿੱਚ ਹੁੰਦੀ ਹੈ। ਮੂਲ ਭਾਸ਼ਾ ਦੀ ਵਰਤੋਂ ਨਹੀਂ ਕੀਤੀ ਜਾਂਦੀ। ਦੂਜੀ ਭਾਸ਼ਾ ਵਜੋਂ ਅੰਗਰੇਜ਼ੀ (English as a Second language) ਦਾ ਕੋਈ ਪੜ੍ਹਾਈ ਨਹੀਂ ਕਰਵਾਈ ਜਾਂਦੀ। ਪੜ੍ਹਾਈ ਦਾ ਟੀਚਾ ਗ੍ਰੇਡ ਵਿੱਚ ਤਰੱਕੀ ਅਤੇ ਗ੍ਰੈਜੂਏਸ਼ਨ ਲਈ ਅਕਾਦਮਿਕ ਪ੍ਰਾਪਤੀ ਦੇ ਗ੍ਰੇਡ ਦੇ ਢੁੱਕਵੇਂ ਮਾਪਦੰਡਾਂ 'ਤੇ ਪੂਰਾ ਉਤਰਨਾ ਹੈ।
- ਮੁਹੱਈਆ ਕੀਤੇ ਜਾਂਦੇ ਕਿਸੇ ਹੋਰ ਪ੍ਰੋਗਰਾਮ ਬਾਰੇ ਜਾਣਕਾਰੀ ਨੱਥੀ ਕੀਤੀ ਜਾ ਸਕਦੀ ਹੈ।